# PUNJABI UNIVERSITY, PATIALA

(ESTABLISHED UNDER PUNJAB ACT NO. 35 OF 1961)

## DEPARTMENT OF

# NATIONAL SERVICE SCHEME

# (N.S.S.)

## BEST COLLEGE AWARD
## 2021-2023

*This is to acknowledge the distinguish services of*

*Public College, Samana*

*for the dedication in N.S.S. Programme*

| Vice-Chancellor | Dean, Student Welfare | Programme Co-ordinator |
|---|---|---|

Patiala
February 23rd, 2024

# ਪਬਲਿਕ ਕਾਲਜ, ਸਮਾਣਾ
(ਪਟਿਆਲਾ)

ਨੰਬਰ.......... ਮਿਤੀ...16-10-2023

ਅਕਾਦਮਿਕ ਸੈਸ਼ਨ 2023-24 ਦੌਰਾਨ ਅੰਡਰ-ਗ੍ਰੈਜੂਏਟ ਕੋਰਸਾਂ ਦੇ Meritorious Students ਲਈ ਸ਼ੁਰੂ ਕੀਤੀ ਗਈ ਸਕਾਲਰਸ਼ਿਪ ਸਕੀਮ ਲਈ ਟੈਸਟ **ਮਿਤੀ 18 ਅਕਤੂਬਰ, 2023 ਦਿਨ ਬੁੱਧਵਾਰ ਨੂੰ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 1.00 ਵਜੇ ਤੱਕ ਕਾਲਜ ਦੇ ਕਾਮਰਸ ਵਿਭਾਗ ਵਿਚ** ਹੋਵੇਗਾ। ਉਕਤ ਟੈਸਟ ਵਿਚ ਅਪੀਅਰ ਹੋਣ ਵਾਲੇ ਸਮੂਹ ਵਿਦਿਆਰਥੀ ਸਵੇਰੇ ਸਹੀ 9.00 ਵਜੇ ਉਕਤ ਸ਼ਡਿਊਲ ਅਨੁਸਾਰ ਰਿਪੋਰਟ ਕਰਨਗੇ ਅਤੇ ਸਬੰਧਤ ਵਿਦਿਆਰਥੀਆਂ ਪਾਸ ਸਨਾਖਤੀ ਕਾਰਡ (I Card) ਹੋਣਾ ਲਾਜਮੀ ਹੈ। ਬਿਨ੍ਹਾਂ ਸਨਾਖਤੀ ਕਾਰਡ ਤੋਂ ਕਿਸੇ ਵੀ ਵਿਦਿਆਰਥੀ ਨੂੰ ਇਸ ਟੈਸਟ ਵਿਚ ਅਪੀਅਰ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਉਕਤ ਟੈਸਟ ਲਈ ਅਪਲਾਈ ਕਰਨ ਵਾਲੇ ਜਿਹੜੇ ਵਿਦਿਆਰਥੀ ਇਸ ਟੈਸਟ ਵਿਚੋਂ ਗੈਰ-ਹਾਜਰ ਰਹਿਣਗੇ, ਉਨਾਂ ਵਿਦਿਆਰਥੀਆਂ ਦੀ ਮੌਜੂਦਾ ਸੈਸ਼ਨ 2023-24 ਦੌਰਾਨ ਫੀਸ ਮੁਆਫ ਨਹੀਂ ਕੀਤੀ ਜਾਵੇਗੀ।

ਸਾਰੇ ਸਬੰਧਤ ਨੋਟ ਕਰਨ।

ਪ੍ਰੋ. ਰਤਨ ਕੁਮਾਰ
ਇੰਚਾਰਜ

ਪ੍ਰਿੰਸੀਪਲ।

ਜਗ ਬਾਣੀ ਈ-ਪੇਪਰ
SAT,09 DECEMBER 2023
EDITION: PATIALA BANI, PAGE NO. 4

# ਮੈਰੀਟੋਰੀਅਸ ਸਕਾਲਰਸ਼ਿਪ ਸਕੀਮ ਤਹਿਤ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਰਾਸ਼ੀ ਪ੍ਰਦਾਨ

ਸਮਾਣਾ, 8 ਦਸੰਬਰ (ਦਰਦ)- ਮੌਜੂਦਾ ਸੈਸ਼ਨ 2023-24 ਤੋਂ ਪਬਲਿਕ ਕਾਲਜ ਸਮਾਣਾ ਵਲੋਂ ਵਿਦਿਆਰਥੀਆਂ ਦੇ ਸਰਬਪੱਖੀ ਗਿਆਨ ਦਾ ਨਿਰੀਖਣ ਕਰਨ ਅਤੇ ਉਨ੍ਹਾਂ ਅੰਦਰ ਉੱਚੇਰਾ ਅਕਾਦਮਿਕ ਗਿਆਨ ਪ੍ਰਫੁੱਲਿਤ ਕਰਨ ਲਈ ਅੰਡਰ-ਗ੍ਰੈਜੂਏਟ ਕੋਰਸਾਂ 'ਚ ਪੜ੍ਹ ਰਹੇ ਵਿਦਿਆਰਥੀਆਂ ਲਈ ਇੱਕ ਮੈਰੀਟੋਰੀਅਸ ਸਕਾਲਰਸ਼ਿਪ ਸਕੀਮ-2023 ਸ਼ੁਰੂ ਕੀਤੀ ਗਈ ਹੈ।

ਪ੍ਰਿੰਸੀਪਲ ਡਾ. ਜਤਿੰਦਰ ਦੇਵ ਦੀ ਸਰਪ੍ਰਸਤੀ ਹੇਠ ਬਣਾਈ ਗਈ ਟੀਮ ਜਿਸ 'ਚ ਪ੍ਰੋ. ਰਤਨ ਕੁਮਾਰ, ਡਾ. ਹਰਕੀਰਤਨ ਕੌਰ, ਡਾ. ਹਰਕੀਰਤ ਸਿੰਘ ਸ਼ਾਮਲ ਸਨ, ਦੀ ਦੇਖ-ਰੇਖ ਹੇਠ ਪਾਰਦਰਸ਼ੀ ਢੰਗ ਨਾਲ ਸਮੂਹ ਅਧਿਆਪਕ ਸਾਹਿਬਾਨ ਦੇ ਸਹਿਯੋਗ ਨਾਲ ਇਸ ਸਬੰਧੀ ਇਕ ਸਕਾਲਰਸ਼ਿਪ ਟੈਸਟ 18 ਅਕਤੂਬਰ, 2023 ਨੂੰ ਕਾਲਜ ਵਿਖੇ ਕੰਡਕਟ ਕਰਵਾਇਆ ਗਿਆ।

ਇਸ ਟੈਸਟ 'ਚ ਵੱਖ-ਵੱਖ ਅੰਡਰ-ਗ੍ਰੈਜੂਏਟ ਕਲਾਸਾਂ ਦੇ 300 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ, ਜਿਸ 'ਚ ਬੀ. ਏ. ਭਾਗ ਤੀਜਾ ਕਲਾਸ ਦੇ ਵਿਦਿਆਰਥੀਆਂ ਸੇਵਾ ਦਾਸ, ਅਨਿਲ ਕੁਮਾਰ ਅਤੇ ਅਮਨਦੀਪ ਕੌਰ ਨੇ ਕ੍ਰਮਵਾਰ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰ ਕੇ 15000, 12500, 10000 ਰੁਪਏ ਦੀ ਸਕਾਲਰਸ਼ਿਪ ਰਾਸ਼ੀ ਪ੍ਰਾਪਤ ਕੀਤੀ।

ਇਸ ਤੋਂ ਬਿਨ੍ਹਾਂ ਪਹਿਲੀਆਂ ਪੁਜੀਸ਼ਨਾਂ 'ਤੇ ਆਉਣ ਵਾਲੇ 25 ਵਿਦਿਆਰਥੀਆਂ ਨੂੰ 5000 ਰੁਪਏ ਪ੍ਰਤੀ ਵਿਦਿਆਰਥੀ ਹੌਸਲਾ ਅਫ਼ਜ਼ਾਈ ਸਕਾਲਰਸ਼ਿਪ ਰਾਸ਼ੀ ਪ੍ਰਦਾਨ ਕੀਤੀ ਗਈ। ਟੀਮ ਨੇ ਦੱਸਿਆ ਕਿ ਵਿਦਿਆਰਥੀਆਂ 'ਚ ਟੈਸਟ ਦੇਣ ਲਈ ਬਹੁਤ ਉਤਸ਼ਾਹ ਪਾਇਆ ਗਿਆ।

ਟੈਸਟ 'ਚ ਸਫ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਕਾਲਜ ਮੈਨੇਜਮੈਂਟ, ਪ੍ਰਿੰਸੀਪਲ, ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਵੱਲੋਂ ਵਧਾਈ ਦਿੱਤੀ ਗਈ।




**Public College Samana**
March 19 ·

Public College Samana got Second Position in Zonal Level Geographical Quiz Competition held at Khalsa College Patiala



